ਨੰ. 12/5/2011-5ਸਿ5/504

ਪੰਜਾਬ ਸਰਕਾਰ

ਸਿਹਤ ਤੇ ਪਰਿਵਾਰ ਭਲਾਈ ਵਿਭਾਗ

(ਸਿਹਤ-5 ਸ਼ਾਖਾ)

ਮਿਤੀ, ਚੰਡੀਗੜ੍ਹ: 30/5/23

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ, ਡਵੀਜਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ ,
ਰਾਜ ਦੇ ਸਮੂਹ ਡਿਪਟੀ ਕਮੀਸ਼ਨਰ, ਜਿਲ੍ਹਾ ਅਤੇ ਸ਼ੈਸਨ ਜੱਜ,
ਰਾਜ ਦੇ ਸਮੂਹ ਸਿਵਲ ਸਰਜਨ, ਪ੍ਰਿੰਸੀਪਲ, ਮੈਡੀਕਲ/ਡੈਂਟਲ ਕਾਲਜ
ਪਟਿਆਲਾ, ਫਰੀਦਕੋਟ ਅਤੇ ਅੰਮ੍ਰਿਤਸਰ।

ਵਿਸ਼ਾ: ਪੰਜਾਬ ਰਾਜ ਦੇ ਅਧਿਰਕਾਰੀਆਂ/ਕਰਮਚਾਰੀਆਂ/ਪੈਨਸ਼ਨਰਜ਼ ਅਤੇ ਉਹਨਾਂ ਤੇ ਆਸ਼ਰਿਤ ਪਰਿਵਾਰ ਦੇ ਮੈਂਬਰਾਂ ਲਈ ਗੋਡੇ ਅਤੇ ਹਿੱਪ ਜੁਆਇੰਟ ਇੰਪਲਾਂਟ ਤੇ ਆਏ ਖਰਚੇ ਦੇ ਰੇਟ ਵਧਾਉਣ ਸਬੰਧੀ।

ਸ਼੍ਰੀ ਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪੱਤਰ ਨੰ: 12/5/2011-5ਸਿ5/2218, ਮਿਤੀ 11.08.2011 ਰਾਹੀਂ ਜਾਰੀ ਹੋਈਆਂ ਹਦਾਇਤਾਂ ਵੱਲ ਆਪ ਦਾ ਧਿਆਨ ਦਿਵਾਉਣ ਅਤੇ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ ਕਿ ਹੁਣ ਇਸ ਮਾਮਲੇ ਨੂੰ ਸਰਕਾਰ ਵੱਲੋਂ ਮੁੜ ਵਿਚਾਰਦੇ ਹੋਏ ਪੰਜਾਬ ਰਾਜ ਦੇ ਅਧਿਕਾਰੀਆਂ/ਕਰਮਚਾਰੀਆਂ/ਪੈਨਸ਼ਨਰਜ਼ ਅਤੇ ਉਹਨਾਂ ਤੇ ਆਸ਼ਰਿਤ ਪਰਿਵਾਰ ਦੇ ਮੈਂਬਰਾਂ ਲਈ ਗੋਡੇ ਅਤੇ ਹਿੱਪ ਜੁਆਇੰਟ ਇੰਪਲਾਂਟ ਤੇ ਆਏ ਖਰਚੇ ਦੀ ਪ੍ਰਤੀਪੂਰਤੀ ਸਬੰਧੀ ਹੇਠ ਅਨੁਸਾਰ ਫੈਸਲਾ ਲਿਆ ਗਿਆ ਹੈ :-

I. ਗੋਡੇ ਬਦਲਣ ਸਬੰਧੀ :-

| ਆਈਟਮ | ਰਿਵਾਇਜ਼ਡ ਰੇਟ |
|---|---|
| ਗੋਡਿਆਂ ਦੇ ਇੰਪਲਾਂਟ ਲਈ | ਗੋਡਿਆਂ ਦੇ ਇੰਪਲਾਂਟ ਲਈ ਰਕਮ 70,000/- ਰੁਪਏ ਪ੍ਰਤੀ ਗੋਡਾ ਅਤੇ ਰਿਵਾਇਜ਼ਡ ਇੰਪਲਾਂਟ ਲਈ 1,50,000/- ਰੁਪਏ ਪ੍ਰਤੀ ਗੋਡਾ ਅਤੇ ਪਹਿਲਾ ਦੀ ਤਰ੍ਹਾਂ ਬਾਕੀ ਦਿੱਤੇ ਜਾਣ ਵਾਲੇ ਅਕਮੋਡੇਸ਼ਨ, ਆਈ.ਸੀ.ਯੂ/ਆਈ.ਸੀ.ਸੀ.ਯੂ, ਮੋਨਿਟਰਿੰਗ, ਆਪਰੇਸ਼ਨ, ਕੋਸਟ ਆਫ ਡਰਗਜ਼, ਕਨਜ਼ੂਮਏਬਲ ਅਤੇ ਡਿਸਪੋਜੇਬਲ, ਸਰਜੀਕਲ ਸੈਨਡਰਾਈਜ਼, ਫਿਜੀਓਥੈਰਪੀ ਤੇ ਲੈਬੋਰਟਰੀ ਟੈਸਟ ਚਾਰਜਿਜ਼ ਆਦਿ ਏਮਜ ਨਵੀਂ ਦਿੱਲੀ ਅਤੇ ਪੀ.ਜੀ.ਆਈ. ਚੰਡੀਗੜ੍ਹ ਦੇ ਰੇਟਾਂ ਅਨੁਸਾਰ ਦਿੱਤੇ ਜਾਣਗੇ। |

II. ਹਿੱਪ ਜੁਆਂਇੰਟ ਇੰਪਲਾਂਟ ਸਬੰਧੀ :-

| ਆਈਟਮ | ਰਿਵਾਇਜ਼ਡ ਰੇਟ |
|---|---|
| Total Hip Replacement (ਟੀ.ਐਚ.ਆਰ) (ਉਮਰ ਦੀ ਸੀਮਾ ਹਟਾਈ ਜਾਂਦੀ ਹੈ) | ਹਿੱਪ ਦੇ ਇੰਪਲਾਂਟ ਲਈ 90,000/- ਰੁਪਏ ਪ੍ਰਤੀ ਹਿੱਪ ਅਤੇ ਪਹਿਲਾਂ ਦੀ ਤਰਾਂ ਬਾਕੀ ਦਿੱਤੇ ਜਾਣ ਵਾਲੇ- ਅਕੋਮੋਡੇਸ਼ਨ, ਆਈ.ਸੀ.ਯੂ/ ਆਈ.ਸੀ.ਸੀ.ਯੂ/ ਮੋਨਿਟਰਿੰਗ, ਆਪਰੇਸ਼ਨ, ਕੋਸਟ ਆਫ ਡਰਗਜ਼, ਕਨਜੂਮਏਬਲ ਅਤੇ ਡਿਸਪੋਜੇਬਲ, ਸਰਜੀਕਲ ਸੈਨਡਰਾਈਜ਼, ਫਿਜੀਓਥੈਰਪੀ ਤੇ ਲੈਬੋਰਟਰੀ ਟੈਸਟ ਚਾਰਜਿਜ਼ ਆਦਿ ਏਮਜ਼ ਨਵੀਂ ਦਿੱਲੀ ਅਤੇ ਪੀ.ਜੀ.ਆਈ. ਚੰਡੀਗੜ੍ਹ ਦੇ ਰੇਟਾਂ ਅਨੁਸਾਰ ਦਿੱਤੇ ਜਾਣਗੇ। |

3. ਇਹ ਹਦਾਇਤਾਂ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹੋਣਗੀਆਂ।

4. ਇਹ ਹਦਾਇਤਾਂ ਵਿੱਤ ਵਿਭਾਗ ਦੇ ਪੱਤਰ ਨੰ:FD-FP-10MEPY(MEDR)/1/2023-4FP1/563832/2023 ਮਿਤੀ 18.05.2023 ਰਾਹੀਂ ਪ੍ਰਾਪਤ ਪ੍ਰਵਾਨਗੀ/ਸਹਿਮਤੀ ਉਪਰੰਤ ਜਾਰੀ ਕੀਤੀਆਂ ਜਾਂਦੀਆਂ ਹਨ।

ਵਿਸ਼ਵਾਸ਼ਪਾਤਰ

ਅਧੀਨ ਸਕੱਤਰ, ਸਿਹਤ

ਉਤਾਰਾ ਸਮੂਹ ਵਧੀਕ ਮੁੱਖ ਸਕੱਤਰਾਂ, ਵਿੱਤੀ ਕਮਿਸ਼ਨਰਜ/ਪ੍ਰਮੁੱਖ ਸਕੱਤਰਾਂ, ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ, ਸਿਹਤ

ਸੇਵਾ ਵਿਖੇ,

ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰਜ/ਪ੍ਰਮੁੱਖ ਸਕੱਤਰ
ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ:ਨੰ:12/5/2011-5ਸਿ5/ 505 — ਮਿਤੀ, ਚੰਡੀਗੜ੍ਹ: 30/5/23
ਪਿੱ:ਅੰ:ਨੰ:12/5/2011-5ਸਿ5/ 506-517 — ਮਿਤੀ, ਚੰਡੀਗੜ੍ਹ: 30/5/23

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਗ੍ਰਹਿ ਸਕੱਤਰ, ਕੇਂਦਰੀ ਸ਼ਾਸ਼ਤ ਪ੍ਰਦੇਸ਼, ਚੰਡੀਗੜ੍ਹ।
2. ਡਾਇਰੈਕਟਰ, ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਸੈਕਟਰ-32, ਚੰਡੀਗੜ੍ਹ।
3. ਡਾਇਰੈਕਟਰ, ਆਲ ਇੰਡੀਆ ਇਨਸਟੀਚਿਊਟ ਆਫ ਮੈਡੀਕਲ ਸਾਇੰਸਜ, ਨਵੀਂ ਦਿੱਲੀ।
4. ਡਾਇਰੈਕਟਰ, ਪੀ.ਜੀ.ਆਈ.ਐਮ.ਈ.ਆਰ ਚੰਡੀਗੜ੍ਹ।
5. ਮਹਾਂਲੇਖਾਕਾਰ, (ਲੇਖਾ ਤੇ ਹੱਕਦਾਰੀ) ਪੰਜਾਬ, ਚੰਡੀਗੜ੍ਹ।
6. ਮਹਾਂਲੇਖਾਕਾਰ, (ਆਡਿਟ) ਪੰਜਾਬ, ਚੰਡੀਗੜ੍ਹ
7. ਅਕਾਊਂਟੈਂਟ ਜਨਰਲ (ਰੈਵੀਨਿਊ) ਪੰਜਾਬ, ਪੰਜਾਬ ਭਵਨ, ਨਵੀਂ ਦਿੱਲੀ।
8. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
9. ਡਾਇਰੈਕਟਰ, ਪੈਨਸ਼ਨ ਅਤੇ ਪੈਨਸ਼ਨਰਜ ਭਲਾਈ, ਪੰਜਾਬ, ਚੰਡੀਗੜ੍ਹ।
10. ਡਾਇਰੈਕਟਰ ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ
11. ਰਾਜ ਦੇ ਸਮੂਹ ਸਿਵਲ ਸਰਜਨ।
12. ਰਾਜ ਦੇ ਸਮੂਹ ਜਿਲ੍ਹਾ ਖਜਾਨਾ ਅਫਸਰ।

ਅਧੀਨ ਸਕੱਤਰ, ਸਿਹਤ